**CLASS : 12th Sr. Sec. (Academic) Code No. 2932**
**Series : SS-M/2016**

*ਰੋਲ ਨੰ.* | | | | | | | | | | |

# ਪੰਜਾਬੀ

## PUNJABI

***ACADEMIC***

**1st SEMESTER**

(Only for Re-appear Candidates)

***(Morning Session)***

*ਸਮਾਂ : **2½** ਘੰਟੇ ]* *[ ਕੁਲ ਅੰਕ : **80***

- *ਕ੍ਰਿਪਾ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **10** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਣ।*
- *ਕ੍ਰਿਪਾ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*
- *ਕ੍ਰਿਪਾ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



Downloaded from cclchatper.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 8

(ੳ) ਆਖੀਂ : ਕੱਚਿਆ ਸੱਚ ਨੂੰ ਲਾਜ ਲਾਈਓਿ
ਸੁਖਨ ਪਾਲਣੋਂ ਭੀ ਬਸ ਰਹਿ ਗਿਓਂ ਵੇ ?
ਕਾਲੇ ਭੌਰ ਦੀ ਬਾਨ ਨਾ ਗਈ ਤੇਰੀ
ਜਿਥੇ ਫੁੱਲ ਡਿੱਠਾ ਓਥੇ ਬਹਿ ਗਿਓਂ ਵੇ ?
ਸਾਨੂੰ ਗਿਆਨ ਦੇ ਖੂਹਾਂ ਵਿੱਚ ਦੇਇੰ ਧੱਕੇ
ਆਪ ਮਾਲਣ ਦੇ ਰੋੜ੍ਹ ਵਿਚ ਵਹਿ ਗਿਓਂ ਵੇ !

(ਅ) ਫਟਾ ਫਟ ਝੱਗਾ ਇਕ ਜੋਬਨ ਨੂੰ ਕੱਜਦਾ,
ਅਰਕਾਂ ਨੰਗੀਆਂ ਪਈਆਂ ਹੁੰਦੀਆਂ,
ਤੇ ਛਾਤੀ ਦੀਆਂ ਲੀਰਾਂ ਹਵਾ ਪਈ ਚੁਕਦੀ,
ਇਹ ਭੈੜੀ ਹਵਾ ਕੇਹੀ ਪਈ ਵਗਦੀ,
ਖਾਹ ਮਖਾਹ ਛੇੜਦੀ ਤੰਗ ਪਈ ਕਰਦੀ,
ਮੁੜ ਮੁੜ ਦੱਸਦੀ ਲੀਰਾਂ ਵਿਚੋਂ ਨੰਗੇ ਨੰਗੇ ਅੰਗ ਮੇਰੇ।



Downloaded from cclchatper.com

**2.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇੱਕ*** ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ : 8

(ੳ) ਟੁਕੜੀ ਜਗ ਤੋਂ ਨਯਾਰੀ

(ਅ) ਜਾਇਦਾਦ

(ੲ) ਅੰਨਦਾਤਾ।

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਕਰਕੇ ਲਿਖੋ : $1 \times 4 = 4$

(ੳ) 'ਤਾਜ ਮਹੱਲ' ਕਿਸ ਕਵੀ ਦੀ ਰਚਨਾ ਹੈ ?

(ਅ) 'ਮੇਰਾ ਪਤਾ' ਕਵਿਤਾ ਅਨੁਸਾਰ ਸੁਤੰਤਰਤਾ ਕਿਸ ਦਾ ਸੁਭਾਅ ਹੈ ?

(ੲ) 'ਸ਼ੈਲਾਨੀ' ਸ਼ਬਦ ਦਾ ਅਰਥ ਲਿਖੋ।

(ਸ) 'ਖੂਹ ਉੱਤੇ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

**4.** ਹੇਠ ਲਿਖੇ ਲੇਖਾਂ ਵਿਚੋਂ ਕਿਸੇ ***ਇੱਕ*** ਲੇਖ ਦਾ ਸਾਰ ਲਿਖੋ : 8

(ੳ) ਬਾਬੇ ਵਰਿਆਮੇ ਦੀ ਦਿੱਬ-ਦ੍ਰਿਸ਼ਟੀ

(ਅ) ਮਲਕ ਭਾਗੋ ਤੇ ਭਾਈ ਲਾਲੋ

(ੲ) ਠਾਣੇਦਾਰੀ



Downloaded from cclchatper.com

**5.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ : $2 \times 6 = 12$

(ੳ) ਐਮਨਾਬਾਦ ਵਿਚ ਗੁਰੂ ਨਾਨਕ ਦੇਵ ਜੀ ਕਿਸ ਦੇ ਘਰ ਗਏ? ਅਤੇ ਕਿਸ ਤਰ੍ਹਾਂ ਦਾ ਖਾਣਾ ਖਾਧਾ?

(ਅ) ਭਾਈ ਲਾਲੋ ਨੇ ਗੁਰੂ ਜੀ ਨੂੰ ਕਿਸ ਚੀਜ਼ ਉੱਪਰ ਬਿਠਾਇਆ?

(ੲ) ਠਾਣੇਦਾਰ ਕੁੱਤੇ ਨੂੰ ਮੋਟਰ ਵਿੱਚ ਬਿਠਾਉਂਣ ਲਈ ਕਿਸ ਨੂੰ ਕਹਿੰਦਾ ਹੈ?

(ਸ) ਠਾਣੇਦਾਰ ਨਾਲ ਕਿਤਨੇ ਸਿਪਾਹੀ ਹਨ?

(ਹ) ਰੱਬ ਕੋਲੋਂ ਬਾਬਾ ਕੀ ਮੰਗਦਾ ਹੈ? ਅਤੇ ਕਿਉਂ?

(ਕ) ਬਾਬੇ ਅਨੁਸਾਰ ਖੋਤਾ ਪਿਛਲੇ ਜਨਮ ਵਿੱਚ ਕੀ ਸੀ?

**6.** 'ਸ਼ੋਭਾ-ਸ਼ਕਤੀ' ਨਾਟਕ ਦਾ ਸਿਰਲੇਖ ਲਿਖੋ ਜਾਂ ਨਾਟ ਤੀਜਾ ਦੀ ਕਹਾਣੀ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। 8

**7.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) 'ਸ਼ੋਭਾ-ਸ਼ਕਤੀ' ਨਾਟਕ ਦੇ ਨਾਟ ਪਹਿਲਾ ਵਿੱਚ ਅੰਨ ਅਤੇ ਰੁੱਤ ਬਾਰੇ ਲਿਖੋ। 2



Downloaded from cclchatper.com

(ਅ) ਸਤੀਸ਼ ਅਤੇ ਸ਼ੋਭਾ ਦਾ ਕੀ ਰਿਸਤਾ ਹੈ? 2

(ੲ) 'ਕੰਵਲ ਕੌਣ' ਹੈ? 2

(ਸ) 'ਰਾਜਾ ਪੋਰਸ' ਨਾਟਕ ਦਾ ਨਾਟਕਕਾਰ ਕੌਣ ਹੈ? 1

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇੱਕ*** ਦੀ ਜੀਵਨੀ ਅਤੇ ਰਚਨਾਵਾਂ ਬਾਰੇ ਲਿਖੋ : 8

(ੳ) ਦਮੋਦਰ

(ਅ) ਸ਼ਿਵ ਕੁਮਾਰ ਬਟਾਲਵੀ।

**9.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿੱਚ ਉੱਤਰ ਲਿਖੋ : $1 \times 12 = 12$

(ੳ) ਪੰਜਾਬੀ ਸਾਹਿਤ ਦਾ ਪਹਿਲਾ ਕਿੱਸਾਕਾਰ ਕੌਣ ਹੈ?

(ਅ) ਸ਼੍ਰੀ ਗੁਰੂ ਨਾਨਕ ਦੇਵ ਜੀ ਕਦੋਂ ਜੋਤੀ-ਜੋਤ ਸਮਾਏ?

(ੲ) ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਜੀ ਦਾ ਨਾਂ ਲਿਖੋ।



Downloaded from cclchatper.com

(ਸ) ਵਾਰਿਸ ਸ਼ਾਹ ਦੀ ਮ੍ਰਿਤੂ ਕਦੋਂ ਹੋਈ?

(ਹ) ਦਮੋਦਰ ਕਿਸ ਛੰਦ ਦੀ ਵਰਤੋਂ ਕਰਦਾ ਹੈ?

(ਕ) ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕਵੀ ਕੌਣ ਹੈ?

(ਖ) ਪੰਜਾਬੀ ਵਿੱਚ ਸ਼ੈਲਾਨੀ ਕਵਿਤਾ ਸਭ ਤੋਂ ਪਹਿਲਾਂ ਕਿਸ ਨੇ ਲਿਖੀ?

(ਗ) 'ਅੰਬੀ ਦੇ ਬੂਟੇ ਥੱਲੇ' ਕਿਸ ਕਵੀ ਦੀ ਰਚਨਾ ਹੈ?

(ਘ) ਅੰਮ੍ਰਿਤ ਲਹਿਰਾਂ ਕਿਸ ਕਵੀ ਦੀ ਰਚਨਾ ਹੈ?

(ਙ) 'ਲੂਣਾ' ਕਿਸ ਕਵੀ ਦੀ ਰਚਨਾ ਹੈ?

(ਚ) ਘਰ ਦਾ ਪਿਆਰ ਲੇਖ ਕਿਸ ਦੀ ਰਚਨਾ ਹੈ?

(ਛ) ਪ੍ਰੀਤ ਨਗਰ ਕਿਸ ਨੇ ਵਸਾਇਆ?

**10.** ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਢੁੱਕਵਾਂ ਸਿਰਲੇਖ ਲਿਖੋ : 5

ਸਾਡੇ ਦੇਸ਼ ਵਿੱਚ ਬੇਰੁਜਗਾਰਾਂ ਦੀ ਗਿਣਤੀ ਦਿਨੋ ਦਿਨ ਵੱਧ ਰਹੀ ਹੈ। ਅਰਧ-ਬੇਰੁਜ਼ਗਾਰੀ ਵਾਲੇ ਲੋਕਾਂ ਦੀ ਗਿਣਤੀ ਵੀ ਬਹੁਤ ਹੈ। ਇਸ ਪ੍ਰਕਾਰ ਦੇ ਹਾਲਾਤਾਂ ਦਾ ਦੇਸ਼ ਦੇ ਸਮਾਜਿਕ ਅਤੇ ਆਰਥਿਕ ਢਾਂਚੇ ਤੇ ਭੈੜਾ ਅਸਰ ਪੈਂਦਾ



Downloaded from cclchatper.com

ਹੈ। ਬੇਰੁਜ਼ਗਾਰ ਮਨੁੱਖ ਦੇਸ਼ ਉੱਤੇ ਬੋਝ ਬਣਦਾ ਹੈ, ਜਦੋ ਕਿ ਠੀਕ ਰੁਜ਼ਗਾਰ ਮਿਲਣ ਦੀ ਹਾਲਤ ਵਿੱਚ ਉਸ ਨੇ ਆਪਣਾ ਬੋਝ ਚੁੱਕਣ ਦੇ ਨਾਲ-ਨਾਲ ਦੇਸ਼ ਦੀ ਪੈਦਾਵਾਰ ਵਿੱਚ ਵੀ ਵਾਧਾ ਕਰਨਾ ਹੁੰਦਾ ਹੈ। ਬੇਰੁਜ਼ਗਾਰੀ ਦੀ ਸਥਿਤੀ ਵਿੱਚ ਮਨੁੱਖ ਦੁਖੀ ਅਤੇ ਨਿਰਾਸ਼ ਹੁੰਦਾ ਹੈ। ਲੰਮੇਂ ਸਮੇਂ ਦੀ ਬੇਰੁਜ਼ਗਾਰੀ ਵਿੱਚ ਉਹ ਆਪਣੇ ਆਪ ਨੂੰ ਅਤੇ ਆਪਣੇ ਆਲੇ-ਦੁਆਲੇ ਨੂੰ ਨਫ਼ਰਤ ਕਰਨ ਲੱਗ ਪੈਂਦਾ ਹੈ। ਜਦੋਂ ਦੇਸ਼ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਵਧਦੀ ਹੋਵੇ ਤਾਂ ਦੇਸ਼ ਲਈਂ ਇਹ ਇੱਕ ਗੰਭੀਰ ਸਮੱਸਿਆ ਬਣ ਜਾਂਦੀ ਹੈ।



Downloaded from cclchatper.com

**CLASS : 12th Sr. Sec. (Academic) Code No. 3032**

**Series : SS-M/2016**

*ਰੋਲ ਨੰ.* | | | | | | | | | | |

# ਪੰਜਾਬੀ

## PUNJABI

***ACADEMIC***

**2nd SEMESTER**

(Only for Fresh/Re-appear Candidates)

***Evening Session***

*ਸਮਾਂ : **2½** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **4** ਅਤੇ ਪ੍ਰਸ਼ਨ **10** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



Downloaded from cclchatper.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 3 + 5 = 8

(ੳ) ਮੈਂ ਅੱਗ ਟੁਰੀ ਪਰਦੇਸ ਨੀ ਸਈਓ ਅੱਗ ਟੁਰੀ ਪਰਦੇਸ
ਇਕ ਛਾਤੀ ਮੇਰਾ ਹਾੜ ਤਪੰਦਾ ਦੂਜੀ ਤਪਦਾ ਜੇਠ
ਨੀ ਮੈਂ ਅੱਗ ਟੁਰੀ ਪਰਦੇਸ
ਅੱਗ ਦੀ ਉਮਰੇ ਹਰ ਅੱਗ ਟੁਰਦੀ
ਜਾ ਬਹਿੰਦੀ ਪਰਦੇਸ
ਹਰ ਅੱਗ ਦੇ ਬਾਬਲ ਦੇ ਚੁਨ੍ਹੇ
ਸਦਾ ਨਾ ਉਸ ਦਾ ਸੇਕ।

(ਅ) ਕੇਹੋ ਜਿਹਾ ਦੌਰ ਹੈ ਆਇਆ
ਸਾਡੇ ਮਨੀਂ ਲੁਕੇ ਨੇ ਗਿਰਗਿਟ
ਨਜ਼ਰਾਂ ਅੰਦਰ ਤੋਤੇ ਝਾਕਣ
ਇਕ ਦੂਜੇ ਦੀ ਹੋਂਦੋਂ ਤ੍ਰਹਿੰਦੇ
ਅਸੀਂ ਸਮੇਂ ਦੀ ਸੂਲੀ ਚੜ੍ਹ ਕੇ
ਬਣਦੇ ਜਾਈਏ ਜਲ ਕਣ।

**2.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) ਧੀ ਕਵਿਤਾ ਵਿੱਚ ਕਿੱਸ ਧੀ ਦਾ ਚਿੱਤਰ ਪੇਸ਼ ਕੀਤਾ ਗਿਆ ਹੈ? 2

(ਅ) ਗੰਗਾ ਨਦੀ ਦਾ ਨਾਂ ਪਦਮਾ ਕਦੋਂ ਹੋ ਜਾਂਦਾ ਹੈ? 2

(ੲ) ਹੁਣ ਘਰਾਂ ਵਿੱਚ ਵੱਸਣਾ ਔਖਾ ਕਿਉਂ ਹੋ ਗਿਆ? 1

(ਸ) 'ਮੈਂ ਜਾਂ ਤੁਰਾਂ' ਕਵਿਤਾ ਦੇ ਕਵੀ ਦਾ ਨਾਂ ਲਿਖੋ। 1

(ਹ) 'ਜੰਗਲ ਦੇ ਵਿੱਚ ਰਾਤ ਪਈ ਹੈ, ਕਵਿਤਾ ਦੇ ਕਵੀ ਦਾ ਨਾਂ ਲਿਖੋ। 1

**3.** ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ***ਇੱਕ*** ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ : 7

(ੳ) ਸੱਭਿਅਤਾ ਦੇ ਦੋ ਪੱਧਰ



Downloaded from cclchatper.com

(ਅ) ਸੁਇਟਜਰਲੈਂਡ ਦੀ ਯਾਤਰਾ

(ੲ) ਘਰ ਵਿੱਚ ਹੀ ਗੁਰਿਆਈ।

**4.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) ਵੈਦਰ ਕਰਾਫ਼ਟ ਕੌਣ ਸੀ? ਅਤੇ ਉਸ ਦੀ ਉਮਰ ਬਾਰੇ ਲਿਖੋ ? 2

(ਅ) ਤਵਾਰਿਖ ਅਨੁਸਾਰ ਜੇਠਾ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ? 2

(ੲ) ਯੂਰਪ ਵਿੱਚ ਇੱਕ ਨੌਜਵਾਨ ਸਰੇ-ਬਾਜ਼ਾਰ ਲੇਖਕ ਨੂੰ ਕੀ ਪੁੱਛਦਾ ਹੈ? 2

(ਸ) 'ਸੁਇਟਜਰਲੈਂਡ ਦੀ ਯਾਤਰਾ' ਲੇਖ ਦੇ ਲੇਖਕ ਦਾ ਨਾਂ ਲਿਖੋ। 1

(ਹ) ਪਿੰਡ ਦੇ ਲੋਕ ਜ਼ੀਤ ਸਿੰਘ ਸੀਤਲ ਨੂੰ ਕੀ ਕਹਿ ਕੇ ਬੁਲਾਉਂਦੇ ਸਨ? 1

**5.** 'ਸ਼ੋਭਾ-ਸ਼ਕਤੀ' ਨਾਟਕ ਇਸਤਰੀ ਦੀ ਜਿੰਦਗੀ ਨਾਲ ਜੁੜਿਆ ਹੋਇਆ ਨਾਟਕ ਹੈ। ਸਪੱਸਟ ਕਰੋ।

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦੇ ਨਾਇਦ ਦਾ ਪਾਤਰ-ਚਿੱਤਰਨ ਕਰੋ। 7

**6.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) 'ਸ਼ੋਭਾ ਦੇ ਨੂੰਹ ਪੁੱਤਰ ਅਤੇ ਪਤੀ ਦਾ ਨਾਂ ਦੱਸੋ? 2

(ਅ) ਸ਼ੋਭਾ-ਸ਼ਦਤੀ ਨਾਟਕ ਵਿੱਚ ਨਾਟ ਪਹਿਲਾ ਦਾ ਸੰਨ ਅਤੇ ਰੁੱਤ ਦਾ ਨਾਂ ਲਿਖੋ। 2

(ੲ) ਸ਼ੋਭਾ ਦੇ ਚਰਿਤਰ ਦੇ ਕੋਈ ਚਾਰ ਗੁਣ ਲਿਖੋ। 2

(ਸ) ਸ਼ੋਭਾ ਸ਼ਕਤੀ ਨਾਟਕ ਦੇ ਪ੍ਰਕਾਸ਼ਕ ਦਾ ਨਾਂ ਲਿਖੋ। 1

(ਹ) ਸ਼ੋਭਾ-ਸ਼ਕਤੀ ਨਾਟਕ ਦੇ ਦੂਜੇ ਨਾਟ ਦਾ ਵਿਸ਼ਾ ਲਿਖੋ। 1

**ਭਾਗ – (ਅ)**

**7.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਵਿਸਤਾਰਪੂਰਵਕ ਲਿਖੋ : 10

(ੳ) ਬੁਲ੍ਹੇ ਸ਼ਾਹ

(ਅ) ਸ਼ਾਹ ਮੁਹੰਮਦ।



Downloaded from cclchatper.com

**8.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ : $10 \times 1 = 10$

(ੳ) ਬਾਬਾ ਫਰੀਦ ਦਾ ਜਨਮ ਕਦੋਂ ਹੋਇਆ ?

(ਅ) ਸ਼ਾਹ ਹੁਸੈਨ ਦਾ ਚਲਾਣਾ ਕਦੋਂ ਹੋਇਆ ?

(ੲ) ਨਾਟਕਕਾਰ ਨੰਦਾ ਦਾ ਪੂਰਾ ਨਾਂ ਲਿਖੋ।

(ਸ) 'ਕਣਕ ਦੀ ਬੱਲੀ' ਨਾਟਕ ਦੇ ਨਾਟਕਕਾਰ ਦਾ ਨਾਂ ਲਿਖੋ।

(ਹ) ਡਾ. ਹਰਚਰਨ ਸਿੰਘ ਦੇ ਕਿਸੇ ਇੱਕ ਇਕਾਂਗੀ ਸੰਗ੍ਰਹਿ ਦਾ ਨਾਂ ਲਿਖੋ।

(ਕ) ਪ੍ਰੋ: ਸੰਤ ਸਿੰਘ ਸੇਖੋਂ ਦੇ ਇੱਕ ਨਾਟਕ ਦਾ ਨਾਂ ਲਿਖੋ।

(ਖ) ਸੁਜਾਨ ਸਿੰਘ ਨੇ ਕਿਸ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ ?

(ਗ) ਪੰਜਾਬੀ ਵਿੱਚ ਨਵੀਨ ਕਹਾਣੀਕਾਰਾਂ ਵਿੱਚ ਸਭ ਤੋਂ ਪ੍ਰਸਿੱਧ ਕੌਣ ਹੈ ?

(ਘ) ਕਰਤਾਰ ਸਿੰਘ ਦੁੱਗਲ ਦੇ ਕਿਸੇ ਇੱਕ ਕਹਾਣੀ ਸੰਗ੍ਰਹਿ ਦਾ ਨਾਂ ਲਿਖੋ।

(ਙ) ਬੁੱਤ ਸ਼ਿਕਨ ਕਹਾਣੀ ਦੀ ਰਚਨਾਕਾਰ ਦਾ ਨਾਂ ਲਿਖੋ।

**9.** ਹੇਠ ਲਿਖੀਆਂ ਸਿਖਿਆਵਾਂ ਵਿਚੋਂ ਕਿਸੇ ***ਇੱਕ*** ਦੇ ਆਧਾਰਿਤ ਕਹਾਣੀ ਲਿਖੋ: 5

(ੳ) ਜੋ ਗਰਜਦੇ ਹਨ ਉਹ ਬਰਖ਼ਾ ਨਹੀਂ ਕਰਦੇ

(ਅ) ਭੱਜਦੇ ਚੋਰ ਦੀ ਲੰਗੋਟੀ ਸਹੀ

(ੲ) ਬੁਰੀ ਸੰਗਤ ਨਾਲੋਂ ਇਕੱਲਾ ਭਲਾ।

**10.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ***ਇੱਕ*** ਵਿਸ਼ੇ ਉੱਤੇ ਨਿਬੰਧ ਲਿਖੋ : 10

(ੳ) ਸ੍ਰੀ ਗੁਰੂ ਅਰਜਨ ਦੇਵ ਜੀ

(ਅ) ਵਿਸਾਖੀ ਦਾ ਮੇਲਾ

(ੲ) ਵਾਤਾਵਰਣ ਦੀ ਰੱਖਿਆ

(ਸ) ਵਿਦਿਆਰਥੀ ਅਤੇ ਮੋਬਾਈਲ ਫੋਨ।



Downloaded from cclchatper.com